International Journal of Information Movement Vol.4 Issue VIII (December 2019
Website: www.ijim.in ISSN: 2456-0553 (online) Pages 50-59

# ਭਗਤ ਕਬੀਰ ਬਾਣੀ : ਵਿਚਾਰਧਾਰਾ ਅਤੇ ਸਰੋਕਾਰ

**ਡਾ. ਕੁਲਦੀਪ ਸਿੰਘ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।
**Email-id:** ksingh2016@kuk.ac.in

**ਅਬਸਟ੍ਰੈਕਟ : (Abstract)** : ਪ੍ਰਸਤੁਤ ਖੋਜ-ਪੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਕਬੀਰ ਜੀ ਦੀ ਬਾਣੀ ਦੇ ਵਿਚਾਰਧਾਰਕ ਪੱਖਾਂ ਅਤੇ ਸਮਾਜਿਕ ਸਰੋਕਾਰਾਂ ਦਾ ਅਧਿਐਨ ਪੇਸ਼ ਕਰਦਾ ਹੈ। ਭਗਤ ਕਬੀਰ ਜੀ ਦੀ ਬਾਣੀ ਮੱਧਕਾਲੀਨ ਭਗਤੀ ਲਹਿਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿਸ ਵਿੱਚ ਇੱਕ ਨਿਰਾਕਾਰ ਪ੍ਰਭੂ (ਨਿਰਗੁਣ ਬ੍ਰਹਮ) ਦੀ ਉਪਾਸਨਾ ਅਤੇ ਮਨੁੱਖੀ ਬਰਾਬਰੀ 'ਤੇ ਜ਼ੋਰ ਦਿੱਤਾ ਗਿਆ ਹੈ। ਕਬੀਰ ਜੀ ਦੀ ਵਿਚਾਰਧਾਰਾ ਵਿੱਚ ਜਾਤ-ਪਾਤ, ਛੂਤ-ਛਾਤ, ਅਤੇ ਧਾਰਮਿਕ ਕਰਮ-ਕਾਂਡਾਂ ਦਾ ਤਿੱਖਾ ਖੰਡਨ ਮਿਲਦਾ ਹੈ। ਇਸ ਖੋਜ-ਪੱਤਰ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਗਤ ਕਬੀਰ ਜੀ ਦੀ ਬਾਣੀ ਕੇਵਲ ਅਧਿਆਤਮਿਕ ਮੁਕਤੀ ਦੇ ਮਾਡਲ ਤੱਕ ਸੀਮਿਤ ਨਹੀਂ, ਸਗੋਂ ਇਹ ਸਮਾਜਿਕ ਨਿਆਂ, ਨੈਤਿਕ ਜੀਵਨ-ਜਾਚ, ਅਤੇ ਮਾਨਵਵਾਦ ਦੇ ਸਰੋਕਾਰਾਂ ਨਾਲ ਵੀ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਗੁਰਮਤਿ ਵਿਚਾਰਧਾਰਾ ਨਾਲ ਪੂਰਨ ਸੁਮੇਲ ਹੋਣ ਕਾਰਨ ਹੀ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸ਼ਬਦ-ਗੁਰੂ' ਵਜੋਂ ਪ੍ਰਵਾਨਿਤ ਅਤੇ ਸਤਿਕਾਰਤ ਸਥਾਨ ਪ੍ਰਾਪਤ ਹੋਇਆ ਹੈ।

**ਮੁੱਖ ਸ਼ਬਦ (Keywords)** : ਭਗਤ ਕਬੀਰ, ਗੁਰਮਤਿ ਵਿਚਾਰਧਾਰਾ, ਸਮਾਜਿਕ ਸਰੋਕਾਰ, ਨਿਰਗੁਣ ਭਗਤੀ, ਸ਼ਬਦ-ਗੁਰੂ, ਮਾਨਵਵਾਦ।

ਭਗਤ ਕਬੀਰ ਜੀ ਉੱਤਰੀ ਭਾਰਤ ਵਿਚ ਨਿਰਗੁਣਵਾਦੀ ਭਗਤੀ-ਲਹਿਰ ਦੇ ਸੰਚਾਲਕਾਂ ਵਿਚ ਪ੍ਰਮੁਖ ਸਥਾਨ ਰਖਦੇ ਸਨ। ਆਪ ਦਾ ਜਨਮ ਸੰਨ 1398 ਈ. (ਜੇਠ ਸੁਦੀ 15, 1455 ਬਿ.) ਵਿਚ ਹੋਇਆ । ਭਗਤ ਕਬੀਰ ਦੇ ਸਮੇਂ ਇਤਿਹਾਸਿਕ ਪਰਿਸਥਿਤੀਆਂ ਬਹੁਤ ਹੀ ਕਠਿਨ ਅਤੇ ਅਸਥਿਰ ਸਨ, ਅਜਿਹੇ ਮਾਹੌਲ ਵਿਚ ਕਿਸੇ ਸਮੇਂ ਵੀ ਕੋਈ ਰਾਜ-ਪਰਿਵਰਤਨ ਹੋ ਸਕਦਾ ਸੀ। ਅਜਿਹੀ ਹਾਲਤ ਵਿਚ ਭਗਤ ਕਬੀਰ ਨੇ ਰਾਮਾਨੰਦ ਤੋਂ ਰਾਮ-ਨਾਮ ਦਾ ਉਪਦੇਸ਼ ਲੈ ਕੇ, ਹਿੰਦੂਆਂ-ਮੁਸਲਮਾਨਾਂ ਦੀਆਂ ਸਥਾਪਿਤ ਅਤੇ ਰੂੜ੍ਹ ਧਾਰਮਿਕ ਅਤੇ ਸਮਾਜਿਕ ਪ੍ਰਥਾਵਾਂ ਅਤੇ ਪਰੰਪਰਾਵਾਂ ਦਾ ਤਿਆਗ ਕੀਤਾ ਅਤੇ ਸਰਬ-ਸਾਂਝੇ ਤੇ ਸਰਬ-ਵਿਆਪਕ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ। ਅੱਖਰ ਗਿਆਨ ਨਾ ਹੋਣ ਦੇ ਬਾਵਜੂਦ ਵੀ ਭਗਤ ਕਬੀਰ ਬਹੁਤ ਹੀ ਗਿਆਨਵਾਨ ਅਤੇ ਅਨੁਭਵੀ ਵਿਅਕਤੀਤਵ ਸਨ। ਇਨ੍ਹਾਂ ਦਾ ਗਿਆਨ-ਪ੍ਰਾਪਤੀ ਦਾ ਮੂਲ ਸਰੋਤ ਸਤਿ-ਸੰਗਤ ਸੀ ਅਤੇ ਅਦ੍ਵੈਤਵਾਦ ਵਿਚ ਵਿਸ਼ਵਾਸ ਰਖਦਿਆਂ ਆਪ ਜੀ ਨੇ ਉਚ-ਨੀਚ ਦੀ ਭਾਵਨਾ ਦਾ ਵਿਰੋਧ ਕੀਤਾ ।

ਭਗਤ ਕਬੀਰ ਧਰਮ ਅਤੇ ਸਮਾਜ ਦੀਆਂ ਤੰਗ ਹੱਦਬੰਦੀਆਂ ਅਤੇ ਰੂੜ੍ਹ ਰੀਤਾਂ ਨਾਲ ਸਮਝੌਤਾ ਨਹੀਂ ਕਰ ਸਕੇ। ਅਸਲ ਵਿਚ, ਉਹ ਸਮਝੌਤਾਵਾਦੀ ਨਹੀਂ ਸਨ। ਉਨ੍ਹਾਂ ਨੂੰ ਜੋ ਠੀਕ ਲਗਿਆ, ਅਪਣਾ ਲਿਆ। ਕਿਸੇ ਇਕ ਸਿਧਾਂਤ ਅਥਵਾ ਰੀਤ ਦਾ ਉਨ੍ਹਾਂ ਨੇ ਗੁਣਗਾਨ ਨਹੀਂ ਕੀਤਾ। ਕਬੀਰ ਨੂੰ ਉਹ ਸਭ ਕੁਝ ਪ੍ਰਵਾਨ ਸੀ ਜੋ ਮਨੁੱਖ ਲਈ ਕਲਿਆਣਕਾਰੀ ਸੀ ਅਤੇ ਭਗਤੀ-ਸਾਧਨਾ ਵਿਚ ਉਸ ਨੂੰ ਅਗੇ ਲੈ ਜਾ ਸਕਦਾ ਸੀ ਅਤੇ ਉਹ ਸਭ ਕੁਝ ਅਪ੍ਰਵਾਨ ਸੀ ਜੋ ਆਤਮੀਅਤਾ ਤੋਂ ਸੱਖਣਾ, ਪਾਖੰਡਾਂ ਅਤੇ ਬਾਹਰਲੇ ਕਰਮਕਾਂਡਾ ਨਾਲ ਯੁਕਤ ਆਚਾਰ ਸੀ। ਇਸੇ ਲਈ ਉਨ੍ਹਾਂ ਨੂੰ ਸਮਾਜ ਅਥਵਾ ਧਰਮ ਵਿਚ ਜਿਥੇ ਵੀ ਮਾੜਾ ਦਿਸਿਆ ਉਸ ਦਾ ਜੋਰਦਾਰ ਸ਼ਬਦਾਂ 'ਚ ਖੰਡਨ ਕੀਤਾ। ਡਾ. ਸੁਕਦੇਵ ਸਿੰਘ ਦੇ ਵਿਚਾਰ ਅਨੁਸਾਰ, ''ਮਨੁੱਖ ਦੇ ਦਮਨ ਅਤੇ ਅਪਮਾਨ ਦੇ ਖਿਲਾਫ਼ 'ਕਬੀਰ' ਇਕ ਆਕ੍ਰਮਕ ਸ਼ਬਦ ਹੈ। ਇਸ ਸ਼ਬਦ ਦੇ ਅਰਥ ਵਿਚ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਸੱਚ ਦੇ ਬਲ ਤੇ ਜਦ ਕੋਈ ਸੁਰ, ਜਦ ਕੋਈ ਵਿਦਰੋਹ, ਜਦ ਕੋਈ ਨਿਰਭੈ ਆਵਾਜ਼ ਕਾਰਜਸ਼ੀਲ ਹੁੰਦੀ ਹੈ- ਉਹ 'ਕਬੀਰ' ਸ਼ਬਦ ਦੇ ਅੰਦਰ ਹੁੰਦਾ ਹੈ। 'ਕਬੀਰ' ਵਿਰੋਧ ਤੇ ਸੱਚਾਈ ਦਾ ਪ੍ਰਤੀਕ ਹੈ। ਹਰ ਤਿੱਖਾ ਤੇ ਤੇਜ਼ ਆਦਮੀ 'ਕਬੀਰ' ਦੇ ਆਈਨੇ ਵਿਚ ਆਪਣਾ ਚੇਹਰਾ ਦੇਖਦਾ ਹੈ।... ਕਬੀਰ ਇਕ ਅਜਿਹਾ ਸ਼ਬਦ ਹੈ, ਇਕ ਅਜਿਹਾ ਵਾਕ ਹੈ, ਇਕ ਅਜਿਹਾ ਗੀਤ ਹੈ, ਇਕ ਅਜਿਹਾ ਸ਼ਾਸਤਰ ਹੈ ਜਿਹੜਾ ਗ਼ੈਰ ਬਰਾਬਰੀ ਦੇ ਖਿਲਾਫ਼ ਲੜਾਈ ਅਤੇ ਇਨਸਾਨੀਅਤ ਦੇ ਖ਼ਾਬਾਂ ਨਾਲ ਲਾਜ਼ਮੀ ਤੌਰ ਤੇ ਜੁੜ ਚੁੱਕਾ ਹੈ। ਕਬੀਰ ਮਨੁੱਖ ਦੀ ਵਿਜੈ ਯਾਤਰਾ ਦਾ ਝੰਡਾ ਹੈ।''

ਭਗਤ ਕਬੀਰ ਦੀ ਰਚਨਾ ਦੇ ਮੁੱਖ ਤੌਰ 'ਤੇ ਦੋ ਸੰਕਲਨ ਮੰਨੇ ਜਾਂਦੇ ਹਨ। ਇਕ ਸੰਕਲਨ ਹੈ 'ਬੀਜਕ' । ਇਸ ਦੀ ਬਾਣੀ ਪ੍ਰਮਾਣਿਕ ਮੰਨੀ ਜਾਂਦੀ ਹੈ। ਇਸ 'ਬੀਜਕ' ਦੀ ਕੁਲ ਛੰਦ-ਸੰਖਿਆ 619 ਹੈ। ਇਸੇ ਗ੍ਰੰਥ ਦੀ ਸਾਮਗ੍ਰੀ ਦੇ ਆਧਾਰ 'ਤੇ ਕਾਸ਼ੀ ਨਗਰੀ ਪ੍ਰਚਾਰਿਣੀ ਸਭਾ ਅਤੇ ਹੋਰ ਵਿਦਵਾਨਾਂ ਨੇ 'ਕਬੀਰ ਗ੍ਰੰਥਾਵਲੀ' ਅਥਵਾ ਕਬੀਰ ਜੀ ਦੀ ਰਚਨਾ ਦੇ ਸੰਕਲਨ ਤਿਆਰ ਕੀਤੇ ਹਨ। ਇਸ ਸਾਰੀ ਬਾਣੀ ਦੀ ਵਿਗਿਆਨਿਕ ਢੰਗ ਨਾਲ ਸੰਪਾਦਨਾ ਨਾ ਹੋਣ ਕਾਰਣ ਇਸ ਨੂੰ ਕਬੀਰ ਜੀ ਦੀ ਪ੍ਰਮਾਣਿਕ ਬਾਣੀ ਕਹਿਣਾ ਤਰਕਸੰਗਤ ਨਹੀਂ ਜਾਪਦਾ । ਭਗਤ ਕਬੀਰ ਦੀ ਬਾਣੀ ਦਾ ਸਭ ਤੋਂ ਮਹੱਤਵਪੂਰਣ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੁੰਦਾ ਹੈ। ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਇਹ ਬਾਣੀ ਦਰਜ ਹੋਣ ਕਾਰਣ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਬਾਣੀ ਗੁਰੂ ਨਾਨਕ ਦੇਵ ਦੇ ਇੱਕਠਾ ਕਰਨ ਤੋਂ ਲੈ ਕੇ ਗੁਰੂ ਅਰਜਨ ਦੇਵ ਦੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਤੱਕ ਆਪਣੇ ਸ਼ੁੱਧ ਰੂਪ ਵਿਚ ਪ੍ਰਾਪਤ ਹੁੰਦੀ ਆ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤ ਕਬੀਰ ਜੀ ਦੀ, ਭਗਤ ਨਾਮਦੇਵ ਜੀ ਦੀ ਅਤੇ ਭਗਤ ਰਵਿਦਾਸ ਜੀ ਆਦਿ 15 ਭਗਤਾਂ ਦੀ ਬਾਣੀ ਇਕੱਤਰ ਕਰ ਲਈ ਸੀ। ਪਰੰਤੂ ਕਬੀਰ-ਬਾਣੀ ਨੂੰ ਲੋਕਪ੍ਰਿਯ ਹੋਣ ਦਾ ਮਾਣ ਉਸ ਸਮੇਂ ਹੀ ਮਿਲਿਆ ਜਦੋਂ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤੀ ਗਈ। ਨਿਰਸੰਦੇਹ ਕਬੀਰ-ਪੰਥੀਆਂ ਵਲੋਂ ਤਿਆਰ ਕੀਤੇ ਗਏ ਗ੍ਰੰਥ 'ਕਬੀਰ-ਬੀਜਕ' ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ ਪਰ ਇਸ ਦੇ ਬਾਵਜੂਦ ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਜਿੰਨਾ ਸ਼ੁਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਬੀਰ ਬਾਣੀ ਨੂੰ ਡਾ. ਰਾਮ ਕੁਮਾਰ ਵਰਮਾ, ਡਾ. ਚਤੁਰਵੇਦੀ, ਡਾ. ਬੜਥਵਾਲ ਆਦਿ ਵਿਦਵਾਨਾਂ ਤੇ ਆਲੋਚਕਾਂ ਵਲੋਂ ਪ੍ਰਵਾਨ ਕੀਤਾ ਗਿਆ ਹੈ ਉਹ ਦਰਜਾ 'ਕਬੀਰ ਬੀਜਕ' ਆਦਿ ਗ੍ਰੰਥਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ। ਅਜਿਹੀਆਂ ਰਚਨਾਵਾਂ ਦੇ ਕਾਫ਼ੀ ਹਿੱਸੇ ਅਕਾਦਮਿਕ-ਖੇਤਰ ਵਿਚ ਪ੍ਰਮਾਣਿਕਤਾ ਦੇ ਪ੍ਰਸ਼ਨ-ਚਿੰਨ੍ਹ ਹੇਠ ਰੱਖੇ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦੀ ਬਾਣੀ ਵਿਚ ਮੁੱਖ ਤੌਰ ਤੇ ਦੋ ਕਾਵਿ ਰੂਪ ਸ਼ਬਦ ਅਤੇ ਸ਼ਲੋਕ ਵਰਤੇ ਗਏ ਹਨ। ਇਹ ਸ਼ਬਦ ਅਤੇ ਸ਼ਲੋਕ ਹੀ ਸੰਤ ਕਬੀਰ ਦੇ ਉਪਦੇਸ਼ ਦੇ ਮੁੱਖ ਵਾਹਕ ਬਣੇ ਹਨ। ਭਗਤ ਕਬੀਰ ਜੀ ਦੇ ਸਲੋਕਾਂ ਦੇ ਅੰਤ ਉਪਰ ਕੁਲ ਗਿਣਤੀ 243 ਦਿੱਤੀ ਗਈ ਹੈ, ਪਰੰਤੂ ਜੇਕਰ ਇਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਦਾ ਇਕ ਸਲੋਕ (ਅੰਕ 220) ਅਤੇ ਗੁਰੂ ਅਰਜਨ ਦੇਵ ਜੀ ਦੇ ਪੰਜ ਸਲੋਕਾਂ (209-211 ਅਤੇ 214-221 ਅੰਕ) ਨੂੰ ਇਸ ਗਿਣਤੀ ਵਿਚੋਂ ਕੱਢ ਦਿੱਤਾ ਜਾਵੇ ਅਤੇ ਬਾਣੀ 'ਥਿਤੀ' ਵਿਚ ਆਇਆ ਇਕ ਸਲੋਕ ਵਧਾ ਦਿੱਤਾ ਜਾਵੇ ਤਾਂ ਇਨ੍ਹਾਂ ਦੀ ਕੁੱਲ ਗਿਣਤੀ 238 ਬਣਦੀ ਹੈ। ਇਨ੍ਹਾਂ ਦੇ ਸ਼ਬਦਾਂ/ਪਦ-ਜੋੜਾਂ ਦਾ ਕੁੱਲ ਜੋੜ 294 ਬਣਦਾ ਹੈ ਪਰੰਤੂ ਜੇਕਰ ਇਸ ਵਿਚੋਂ ਬਾਣੀ 'ਬਾਵਨ ਅੱਖਰੀ' ਦੇ 45 ਸ਼ਬਦ, ਬਾਣੀ ਥਿਤੀ ਦੇ 16 ਸ਼ਬਦ ਅਤੇ ਵਾਰ-ਸਤ ਦੇ 8 ਸ਼ਬਦਾਂ ਨੂੰ ਵੱਖਰੇ ਰੂਪ ਵਿਚ ਦੇਖੀਏ ਤਾਂ ਇਨ੍ਹਾਂ ਦੀ ਗਿਣਤੀ 225 ਬਣਦੀ ਹੈ। ਕਬੀਰ ਜੀ ਦੀ ਸਮੁੱਚੀ ਬਾਣੀ 17 ਰਾਗਾਂ ਵਿਚ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚੋਂ 'ਗੂਜਰੀ ਦੀ ਵਾਰ ਮ. 3' ਨਾਲ ਆਏ ਇਕ ਸਲੋਕ, 'ਬਿਹਾਗੜਾ ਦੀ ਵਾਰ ਮ. 4' ਨਾਲ ਆਏ ਇਕ ਸਲੋਕ ਅਤੇ 'ਰਾਮਕਲੀ ਦੀ ਵਾਰ ਮ. 3' ਨਾਲ ਆਏ ਦੋ ਸਲੋਕ ਕਬੀਰ ਜੀ ਦੇ ਸਲੋਕਾਂ ਵਿਚ ਕ੍ਰਮਵਾਰ ਅੰਕ 29, 33, 58 ਅਤੇ 65 ਉੱਤੇ ਆਏ ਹਨ। ਇਨ੍ਹਾਂ ਸਲੋਕਾਂ ਦੀ ਗਿਣਤੀ ਇਨ੍ਹਾਂ 17 ਰਾਗਾਂ ਵਿਚ ਨਹੀਂ ਕੀਤੀ ਗਈ। ਬਾਵਨ-ਅਖਰੀ, ਥਿਤੀ ਅਤੇ ਵਾਰ-ਸਤ ਇਨ੍ਹਾਂ ਦੀਆਂ ਸੁਤੰਤਰ ਬਾਣੀਆਂ ਹਨ। ਇਨ੍ਹਾਂ 17 ਰਾਗਾਂ ਵਿਚ ਪ੍ਰਾਪਤ ਹੁੰਦੀ ਕਬੀਰ ਜੀ ਦੀ ਸਮੁੱਚੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ: ਸਿਰੀ ਰਾਗ (2 ਸ਼ਬਦ), ਗਉੜੀ ਰਾਗ (74 ਸ਼ਬਦ-1 ਅਸ਼ਟਪਦੀ) ਅਤੇ ਬਾਵਨ ਅਖਰੀ-45 ਸ਼ਬਦ, ਥਿਤੀ-16 ਸ਼ਬਦ, ਵਾਰ-ਸਤ-8 ਸ਼ਬਦ (ਸਹਿਤ), ਰਾਗ ਆਸਾ (37 ਸ਼ਬਦ), ਰਾਗ ਗੂਜਰੀ (2 ਸ਼ਬਦ), ਰਾਗ ਸੋਰਠ (11 ਸ਼ਬਦ), ਰਾਗ ਧਨਾਸਰੀ (5 ਸ਼ਬਦ), ਰਾਗ ਤਿਲੰਗ (1 ਸ਼ਬਦ), ਰਾਗ ਸੂਹੀ (5 ਸ਼ਬਦ), ਰਾਗ ਬਿਲਾਵਲ (12 ਸ਼ਬਦ), ਰਾਗ ਗੌਂਡ (11 ਸ਼ਬਦ), ਰਾਗ ਰਾਮਕਲੀ (12 ਸ਼ਬਦ), ਰਾਗ ਮਾਰੂ (12 ਸ਼ਬਦ, ਇਨ੍ਹਾਂ ਵਿਚ 10 ਭਗਤ ਨਾਮਦੇਵ ਅਤੇ 2 ਭਗਤ ਜੈਦੇਵ ਦੇ ਸੰਦਰਭ ਵਿਚ ਹਨ), ਰਾਗ ਕੇਦਾਰਾ (6 ਸ਼ਬਦ), ਰਾਗ ਭੈਰਉ (19 ਸ਼ਬਦ, ਇਨ੍ਹਾਂ ਵਿਚੋਂ 17 ਚਉਪਦੇ ਅਤੇ 2 ਅਸ਼ਟਪਦੀਆਂ ਹਨ), ਰਾਗ ਬਸੰਤ (8 ਸ਼ਬਦ), ਰਾਗ ਸਾਰੰਗ (3 ਸ਼ਬਦ), ਰਾਗ ਪ੍ਰਭਾਤੀ (5 ਸ਼ਬਦ) ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਕਬੀਰ ਜੀ ਦੇ 294 ਸ਼ਬਦ/ਪਦ-ਜੋੜ ਅਤੇ 238 ਸਲੋਕਾਂ ਨਾਲ ਉਨ੍ਹਾਂ ਦੀ ਬਾਣੀ ਦਾ ਕੁਲ ਜੋੜ 532 ਬਣਦਾ ਹੈ।

ਉੱਤਰ ਭਾਰਤ ਵਿਚ ਨਿਰਗੁਣਵਾਦੀ ਭਗਤੀ ਭਾਵਨਾ ਦਾ ਵਿਕਾਸ ਕਰਨ ਵਾਲਿਆਂ ਵਿਚ ਕਬੀਰ ਜੀ ਦਾ ਸਥਾਨ ਪ੍ਰਮੁੱਖ ਹੈ। ਉਨ੍ਹਾਂ ਨੇ ਆਪਣੇ ਯੁਗ ਦੀਆਂ ਵਿਚਾਰਧਾਰਾਵਾਂ ਦਾ ਪ੍ਰਭਾਵ ਗ੍ਰਹਿਣ ਵੀ ਕੀਤਾ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਵੀ ਕੀਤਾ। ਉਹ ਪੁਰਾਤਨ ਭਾਰਤੀ ਚਿੰਤਨ ਅਤੇ ਮੱਧ ਯੁਗ ਦੇ ਭਗਤੀ ਅੰਦੋਲਨ ਦੇ ਵਿਚਕਾਰ ਖੜ੍ਹੇ ਹੋ ਕੇ ਇਕ ਪਾਸੇ ਪੁਰਾਤਨਤਾ ਦੀਆਂ ਰੂੜ੍ਹ ਪਰੰਪਰਾਵਾਂ ਅਤੇ ਮਾਨਤਾਵਾਂ ਦਾ ਨਿਖੇਧ ਕਰਦੇ ਸਨ ਅਤੇ ਦੂਜੇ ਪਾਸੇ ਉਨ੍ਹਾਂ ਵਿਚਲੇ ਨਰੋਏ ਤੇ ਜੀਵੰਤ ਤੱਤਾਂ ਦਾ ਭਾਵੀਕਰਣ ਕਰਕੇ ਯੁਗ ਦੇ ਬੋਧ ਅਤੇ ਲੋੜ ਅਨੁਸਾਰ ਨਵਾਂ ਰੂਪ ਦਿੰਦੇ ਸਨ। ਉੱਤਰੀ ਭਾਰਤ ਦੀ ਭਗਤੀ ਲਹਿਰ ਅਤੇ ਉਸ ਵਿਚਲੀ ਨਿਰਗੁਣ ਕਾਵਿਧਾਰਾ ਦਾ ਸੰਸਥਾਗਤ ਆਰੰਭ ਆਪ ਜੀ ਦੀ ਬਾਣੀ ਤੋਂ ਹੁੰਦਾ ਹੈ। ਇਹੀ ਕਾਰਨ ਹੈ ਕਿ ਆਪ ਦੀ ਬਾਣੀ ਦੀ ਆਤਮਾ ਨੂੰ ਸਮਝ ਕੇ ਹੀ ਨਿਰਗੁਣ ਭਗਤੀ ਅੰਦੋਲਨ ਦੀ ਦਸ਼ਾ ਅਤੇ ਦਿਸ਼ਾ ਨੂੰ ਪਛਾਣਿਆ ਜਾ ਸਕਦਾ ਹੈ। ਇਸ ਲਈ ਕਬੀਰ ਬਾਣੀ ਦੀ ਸੰਵੇਦਨਾ, ਵਿਚਾਰਧਾਰਾ ਅਤੇ ਸਰੋਕਾਰਾਂ ਦੇ ਵਿਭਿੰਨ ਪੱਖਾਂ ਨੂੰ ਵਿਸਤਾਰ ਵਿਚ ਸਮਝਣਾ ਅਤੇ ਜਾਣਨਾ ਜ਼ਰੂਰੀ ਹੈ।

ਪਰਮਾਤਮਾ ਬਾਰੇ ਕਬੀਰ ਜੀ ਦੀ ਮਾਨਤਾ ਉਨ੍ਹਾਂ ਦੀ ਰਹੱਸ ਅਨੁਭੂਤੀ ਉਤੇ ਆਧਾਰਿਤ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਇਕੋ ਹੀ ਹੈ। ਉਹ ਪਰੇ ਤੋਂ ਪਰੇ ਅਤੇ ਨੇੜੇ ਤੋਂ ਨੇੜੇ ਹੈ। ਅਸਲ ਵਿਚ, ਉਹ ਸਰਬਤ੍ਰ ਵਿਆਪਕ ਹੈ। ਉਸ ਨੂੰ ਸਵੱਛ ਅੰਤਹਕਰਣ ਵਿਚ ਹੀ ਵਿਚਾਰਿਆ ਜਾ ਸਕਦਾ ਹੈ :

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ।

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 483)

ਕਬੀਰ ਦਾ ਪ੍ਰਭੂ ਮੂਰਤੀ ਵਿਚ ਸਥਿਤ ਨ ਹੋ ਕੇ ਨਿਰਾਕਾਰ, ਨਿਰਵਿਕਾਰ, ਨਿਰੰਜਨ, ਹਰ ਪ੍ਰਕਾਰ ਦੇ ਸੰਕਟਾਂ ਤੋਂ ਮੁਕਤ ਅਜਿਹਾ ਤਤ੍ਵ ਹੈ ਜਿਸ ਦਾ ਨਾ ਕੋਈ ਪਿਤਾ ਹੈ ਅਤੇ ਨਾ ਹੀ ਕੋਈ ਮਾਤਾ। ਉਹ ਅਜੂਨੀ, ਅਜਨਮਾ ਅਤੇ ਸੰਸਾਰਕ ਬੰਧਨਾ ਅਥਵਾ ਸੰਬੰਧਾਂ ਤੋਂ ਮੁਕਤ ਹੈ :

ਸੰਕਟਿ ਨਹੀਂ ਪਰੈ ਜੋਨਿ ਨਹੀਂ ਆਵੈ ਨਾਮੁ ਨਿਰੰਜਨ ਜਾ ਕੋ ਰੇ।

ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨਾ ਬਾਪੋ ਰੇ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 339)

ਕਬੀਰ ਜੀ ਨੇ ਬ੍ਰਹਮ ਸੰਬੰਧੀ ਆਪਣੀ ਬਾਣੀ ਵਿਚ ਜੋ ਮਾਨਤਾਵਾਂ ਸਥਾਪਤ ਕੀਤੀਆਂ ਹਨ, ਉਹ ਪਰੰਪਰਾ ਤੋਂ ਹਟਵੀਆਂ ਹਨ। ਇਹ ਮਾਨਤਾਵਾਂ ਨਾ ਯੋਗ-ਸਾਧਨਾ ਦੀ ਵਿਚਾਰਧਾਰਾ ਨੂੰ ਅਪਣਾਉਂਦੀਆਂ ਹਨ ਅਤੇ ਨਾ ਹੀ ਹਿੰਦੂ ਧਰਮ ਦੀਆਂ ਸ਼ਾਸਤ੍ਰੀ ਅਤੇ ਦਾਰਸ਼ਨਿਕ ਪਰੰਪਰਾਵਾਂ ਨਾਲ ਆਪਣਾ ਕੋਈ ਉਚੇਚਾ ਸੰਬੰਧ ਸਥਾਪਿਤ ਕਰਦੀਆਂ ਹਨ। ਇਹ ਮਾਨਤਾ ਧਰਮ ਸਾਧਕ ਦੇ ਸੁਤੰਤਰ ਵਿਚਾਰ ਹਨ ਜੋ ਸਵੈ ਅਨੁਭੂਤ ਹੋਣ ਦੇ ਨਾਲ-ਨਾਲ ਸੰਕਟ ਵਿਚ ਜਕੜੇ ਸਮਾਜ ਦੀ ਨਿਰਪੱਖ ਅਗਵਾਈ ਕਰਦੇ ਹਨ। ਕਬੀਰ ਪਰਮਾਤਮਾ ਅਤੇ ਜੀਵ ਨੂੰ ਅਭਿੰਨ ਮੰਨਦੇ ਹੋਏ ਸਾਰਿਆਂ ਜੀਵਾਂ ਵਿਚ ਇਕੋ ਪਰਮ ਤੱਤ ਦੀ ਹੋਂਦ ਸਿੱਧ ਕਰਦੇ ਹਨ। ਭਗਤ ਕਬੀਰ ਅਨੁਸਾਰ ਪਰਮਾਤਮਾ ਨੇ ਹੀ ਆਪਣੀ ਜੋਤਿ ਨੂੰ ਸਭ ਵਿਚ ਸਥਿਤ ਕੀਤਾ ਹੋਇਆ ਹੈ। ਉਹ ਸਭ ਦਾ ਸਿਰਜਨਹਾਰ ਹੈ। ਉਸ ਤੋਂ ਭਿੰਨ ਕਿਸੇ ਹੋਰ ਸੱਤਾ ਨੂੰ ਮੰਨਣਾ ਭਰਮ ਹੈ। ਉਸ ਪਰਮ ਸੱਤਾ ਦੁਆਰਾ ਸਿਰਜੀ ਸਾਰੀ ਮਨੁੱਖਤਾ ਇਕ ਸਮਾਨ ਹੈ। ਉਚ-ਨੀਚ ਦੀ ਕਲਪਨਾ ਵਿਅਰਥ ਹੈ ਅਤੇ ਬ੍ਰਹਿਮੰਡੀ ਵਸਤੂ-ਸਥਿਤੀ ਦੇ ਬਿਲਕੁਲ ਵਿਪਰੀਤ ਹੈ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

ਲੋਗਾ ਭਰਮਿ ਨ ਭੂਲਹੁ ਭਾਈ।

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1349-50)

ਭਗਤ ਕਬੀਰ ਦਾ ਮਤ ਹੈ ਕਿ ਆਤਮਾ ਨਾ ਮਨੁੱਖ ਹੈ ਅਤੇ ਨਾ ਹੀ ਦੇਵਤਾ, ਨਾ ਉਹ ਜਤੀ ਹੈ ਅਤੇ ਨਾ ਹੀ ਸ਼ਿਵ ਦਾ ਉਪਾਸਕ ਹੈ, ਨਾ ਉਹ ਜੋਗੀ ਹੈ ਅਤੇ ਨਾ ਹੀ ਅਵਧੂਤ ਹੈ, ਨਾ ਹੀ ਇਸ ਦੀ ਕੋਈ ਮਾਂ ਹੈ ਅਤੇ ਨਾ ਹੀ ਇਹ ਕਿਸੇ ਦਾ ਪੁੱਤਰ ਹੈ। ਇਸ ਸਰੀਰ ਵਿਚ ਕੌਣ ਵਸਦਾ ਹੈ, ਇਸ ਦਾ ਅੰਤ ਅਜੇ ਤਕ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ। ਉਹ ਗ੍ਰਿਹਸਤੀ ਜਾਂ ਉਦਾਸੀ ਵੀ ਨਹੀਂ ਹੈ,

ਨਾ ਉਹ ਰਾਜਾ ਹੈ, ਨਾ ਹੀ ਰੰਕ, ਨਾ ਹੀ ਉਹ ਬ੍ਰਾਹਮਣ ਹੈ ਅਤੇ ਨਾ ਹੀ ਸ਼ੂਦਰ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਪਰੇ ਹੈ। ਅਸਲ ਵਿਚ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਅਤੇ ਅਮਿਟ ਹੈ :

ਨਾ ਇਹ ਮਾਨਸੁ ਨਾ ਇਹੁ ਦੇਉ।
ਨਾ ਇਹੁ ਜਤੀ ਕਹਾਵੈ ਸੇਉ ।
ਨਾ ਇਹੁ ਜੋਗੀ ਨਾ ਅਵਧੂਤਾ।
ਨਾ ਇਸੁ ਮਾਇ ਨ ਕਾਹੂ ਪੂਤਾ।1।
ਇਆ ਮੰਦਰ ਮਹਿ ਕੌਨ ਬਸਾਈ।
ਤਾ ਕਾ ਅੰਤੁ ਨ ਕੋਊ ਪਾਈ ।1। ਰਹਾਉ।
ਨਾ ਇਹੁ ਗਿਰਹੀ ਨਾ ਓਦਾਸੀ।
ਨਾ ਇਹੁ ਰਾਜ ਨ ਭੀਖ ਮੰਗਾਸੀ।
ਨਾ ਇਸੁ ਪਿੰਡ ਨ ਰਕਤੂ ਰਾਤੀ।
ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ।2।...
ਕਹੁ ਕਬੀਰ ਇਹ ਰਾਮ ਕੀ ਅੰਸੁ।
ਜਸ ਕਾਗਦ ਪਰ ਮਿਟੈ ਨ ਮੰਸੁ।4। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 871)

ਭਗਤ ਕਬੀਰ ਨੇ ਮਨੁੱਖ ਅਥਵਾ ਜੀਵਾਤਮਾ ਦੇ ਦੋ ਰੂਪ ਮੰਨੇ ਹਨ: ਇਕ ਗਿਆਨੀ ਅਤੇ ਦੂਜਾ ਅਗਿਆਨੀ । ਜੋ ਵਿਸ਼ੇ ਵਾਸ਼ਨਾਵਾਂ ਵਿਚ ਮਗਨ ਹੋ ਜਾਂਦਾ ਹੈ, ਸੰਸਾਰਕ ਪ੍ਰਪੰਚ ਨੂੰ ਹੀ ਆਪਣਾ ਸਥਾਈ ਟਿਕਾਣਾ ਬਣਾ ਲੈਂਦਾ ਹੈ, ਹਰਿ ਨਾਮ ਨੂੰ ਭੁਲਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਨ ਲਗ ਜਾਂਦਾ ਹੈ, ਅਜਿਹਾ ਜੀਵਾਤਮਾ ਅਗਿਆਨੀ ਹੈ, ਸਹੀ ਮਾਰਗ ਤੋਂ ਖੁੰਝਿਆ ਹੋਇਆ ਹੈ। ਇਸ ਦੇ ਵਿਪਰੀਤ ਜੋ ਜੀਵਾਤਮਾ ਸਰੀਰ ਵਿਚ ਰਹਿੰਦਾ ਹੋਇਆ ਵੀ ਵਿਵੇਕ ਨਾਲ ਆਪਣੇ ਅਸਲੇ ਨਾਲ ਜੁੜਿਆ ਰਹਿੰਦਾ ਹੈ, ਆਪਣੇ ਮੂਲ ਤੋਂ ਭਲੀ-ਭਾਂਤ ਜਾਣੂ ਹੈ ਅਤੇ ਉਸ ਨਾਲ ਜੁੜੇ ਰਹਿਣ ਲਈ ਧਰਮ ਸਾਧਨਾ ਵਿਚ ਮਗਨ ਰਹਿੰਦਾ ਹੈ, ਉਹ ਗਿਆਨੀ ਹੈ। ਸੰਸਾਰ ਬਾਰੇ ਕਬੀਰ ਦਾ ਦ੍ਰਿਸ਼ਟੀਕੋਣ ਅਦ੍ਵੈਤਵਾਦੀਆਂ ਵਾਲਾ ਹੈ। ਬ੍ਰਹਮ ਨੂੰ ਸਦੀਵੀ ਸਤਿ ਮੰਨਣ ਵਾਲੇ ਕਬੀਰ ਜੀ ਲਈ ਦੁਨੀਆਂ ਦੀ ਕੋਈ ਪਰਮਾਰਥਕ ਸੱਤਾ ਨਹੀਂ ਹੈ। ਕਿਉਂਕਿ ਉਹ ਖੁਦ ਵੇਖ ਰਹੇ ਹਨ ਕਿ ਸੰਸਾਰਕ ਵਸਤੂਆਂ ਪੈਦਾ ਹੋ ਰਹੀਆਂ ਹਨ, ਵਿਕਾਸ ਕਰਦੀਆਂ ਹਨ ਅਤੇ ਫਿਰ ਖ਼ਤਮ ਹੋ ਜਾਂਦੀਆਂ ਹਨ। ਕਬੀਰ ਜੀ ਨੇ ਜਗਤ ਨੂੰ ਕਾਲਖ ਦੀ ਕੋਠੜੀ ਵੀ ਕਿਹਾ ਹੈ ਅਤੇ ਇਸ ਵਿਚ ਖਚਿਤ ਹੋਣ ਵਾਲਿਆਂ ਨੂੰ ਮੂਰਖ ਕਿਹਾ ਹੈ :

ਕਬੀਰ ਜਗੁ ਕਾਜਲੁ ਕੀ ਕੋਠਰੀ ਅੰਧ ਪਰੇ ਤਿਸ ਮਾਹਿ।
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ । (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1365)

ਸਪੱਸ਼ਟ ਹੈ ਕਿ ਕਬੀਰ ਜੀ ਨੇ ਪਰਮਾਰਥਕ ਦ੍ਰਿਸ਼ਟੀ ਤੋਂ ਜਗਤ ਨੂੰ ਕੋਈ ਮਹੱਤਵ ਨਹੀਂ ਦਿੱਤਾ, ਪਰੰਤੂ ਇਸ ਜਗਤ ਦੇ ਵਿਵਹਾਰਕ ਰੂਪ ਤੋਂ ਇਨਕਾਰ ਨਹੀਂ ਕੀਤਾ। ਕਬੀਰ ਜੀ ਨੇ ਸੰਸਾਰ ਦੀ ਉਤਪੱਤੀ ਦਾ ਇਕ ਕਾਰਨ ਓਅੰਕਾਰ ਨੂੰ ਮੰਨਿਆ ਹੈ ਅਤੇ ਉਸਦੇ ਨੂਰ ਤੋਂ ਹੀ ਜਗਤ ਦੀ ਉਤਪਤੀ ਦੱਸੀ ਹੈ- ਏਕ ਨੂਰ ਤੇ ਸਭ ਜਗ ਉਪਜਿਆ। ਕਬੀਰ ਅਨੁਸਾਰ ਇਸ ਸੰਸਾਰ ਵਿਚ ਸਭ ਕੁਝ ਤਦ ਤਕ ਹੀ ਅਰਥਪੂਰਨ ਹੈ, ਜਦ ਤਕ ਮਨੁੱਖ ਜੀਉਂਦਾ ਹੈ। ਮਰਨ ਤੋਂ ਪਿਛੋਂ ਇਸ ਸੰਸਾਰ ਦੀ ਕੋਈ ਚੀਜ਼ ਵੀ ਨਾਲ ਨਹੀਂ ਜਾਂਦੀ, ਸਭ ਕੁਝ ਇਥੇ ਹੀ ਧਰਿਆ ਧਰਾਇਆ ਰਹਿ ਜਾਂਦਾ ਹੈ :

ਨਾਂਗੇ ਆਵਨ ਨਾਂਗੇ ਜਾਨਾ।

ਕੋਇ ਨ ਰਹਿ ਹੈ ਰਾਜਾ ਰਾਨਾ ।1।

ਰਾਮੁ ਰਾਜਾ ਨਉ ਨਿਧਿ ਮੇਰੈ।

ਸੰਪੈ ਹੇਤੁ ਕਲਤੁ ਧਨੁ ਤੇਰੈ ।1।ਰਹਾਉ।

ਆਵਤ ਸੰਗ ਨ ਜਾਤ ਸੰਗਾਤੀ।

ਕਹਾ ਭਇਓ ਦਰਿ ਬਾਂਧੇ ਹਾਥੀ।2।

ਲੰਕਾ ਗਢੁ ਸੋਨੇ ਕਾ ਭਇਆ।

ਮੂਰਖੁ ਰਾਵਨੁ ਕਿਆ ਲੇ ਗਇਆ ।3।

ਕਹਿ ਕਬੀਰ ਕਿਛ ਗੁਨੁ ਬੀਚਾਰਿ।

ਚਲੇ ਜੁਆਰੀ ਦੋਇ ਹਥ ਝਾਰਿ ।4। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1157-58)

ਭਗਤ ਕਬੀਰ ਅਨੁਸਾਰ, ਜਿਸ ਸਥਾਨ ਉਤੇ ਹਰਿਨਾਮ ਦੀ ਅਰਾਧਨਾ ਹੁੰਦੀ ਹੈ, ਉਹ ਬਹੁਤ ਪਵਿੱਤਰ ਹੈ। ਪਰੰਤੂ ਜਿਸ ਥਾਂ ਉਤੇ ਹਰਿ ਨਾਮ ਦਾ ਸਿਮਰਨ ਨਹੀਂ ਹੁੰਦਾ, ਉਹ ਥਾਂ ਸਾੜਨ ਯੋਗ ਹੈ, ਚਾਹੇ ਉਹ ਮਹੱਲ ਹੀ ਕਿਉਂ ਨਾ ਹੋਵੇ-

ਕਬੀਰ ਸੰਤਨ ਦੀ ਝੁਗੀਆ ਭਲੀ ਭਠਿ ਕੁਸਤੀ ਗਾਉ।

ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1365)

ਕਬੀਰ ਹਰਿ ਕਾ ਮਿਸਰਨੁ ਜੋ ਕਰੈ ਸੋ ਸੁਖੀਆ ਸੰਸਾਰਿ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1375)

ਕਬੀਰ ਜੀ ਨੇ ਉਸ ਸਮੇਂ ਵਿਚ ਪ੍ਰਚਲਿਤ ਧਰਮਾਂ ਅਤੇ ਉਨ੍ਹਾਂ ਦੇ ਕਰਮਕਾਂਡਾ ਦਾ ਬੌਧਿਕ ਚੇਤਨਾ ਅਤੇ ਤਰਕ ਨਾਲ ਖੰਡਨ ਕੀਤਾ ਹੈ। ਉਹ ਹਿੰਦੂਆਂ ਦੀ ਬੁੱਤ ਪੂਜਾ ਅਤੇ ਮੁਸਲਮਾਨਾਂ ਦੇ ਸਿਜਦੇ ਦੀ ਨਿਰਸਾਰਤਾ ਨੂੰ ਦੱਸਦੇ ਹੋਏ ਕਹਿੰਦੇ ਹਨ-

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ।

ਓਇ ਲੇ ਜਾਰੇ ਓਏ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 654)

ਇਸੇ ਤਰ੍ਹਾਂ ਮੁਸਲਮਾਨ ਧਰਮ ਆਗੂਆਂ ਵੱਲੋਂ ਕੀਤੇ ਜਾ ਰਹੇ ਧਾਰਮਿਕ ਆਡੰਬਰਾਂ ਨੂੰ ਵੀ ਕਬੀਰ ਜੀ ਨੇ ਨਕਾਰਦੇ ਹੋਇਆਂ ਕਿਹਾ ਹੈ ਕਿ ਮੁਨਾਰੇ ਉਤੇ ਚੜ੍ਹ ਕੇ ਤੂੰ ਬਾਂਗ ਦੇ ਰਿਹਾ ਹੈ ਕੀ ਰੱਬ ਬੋਲਾ ਹੋ ਗਿਆ ਹੈ, ਜੋ ਅਸਲੋਂ ਤੇਰੇ ਦਿਲ ਦੇ ਅੰਦਰ ਵਸਦਾ ਹੈ-

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।

ਜਾਂ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1374)

ਕਬੀਰ ਜੀ ਨੇ ਹਿੰਦੂ ਧਰਮ ਦੇ ਪੰਡਿਆਂ-ਪੁਜਾਰੀਆਂ ਦੇ ਕਰਮਕਾਂਡਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਜੋ ਪੱਥਰਾਂ ਨੂੰ ਰੱਬ ਆਖਦੇ ਹਨ, ਉਨ੍ਹਾਂ ਦੀ ਸੇਵਾ ਅਜਾਂਈ ਜਾਂਦੀ ਹੈ। ਜੋ ਪੱਥਰਾਂ ਦੇ ਚਰਨਾਂ ਵਿਚ ਡਿਗਦੇ ਹਨ, ਉਨ੍ਹਾਂ ਦੀ ਇਸ ਪ੍ਰਕਾਰ ਕੀਤੀ ਸੇਵਾ ਵਿਅਰਥ ਜਾਂਦੀ ਹੈ। ਸਾਡਾ ਠਾਕੁਰ ਤਾਂ ਸਦਾ ਬੋਲਣ ਵਾਲਾ ਹੈ ਅਤੇ ਸਾਰਿਆਂ ਨੂੰ ਜੀਵਨ-ਦਾਨ ਦੇਣ ਵਾਲਾ ਹੈ। ਪਰੰਤੂ ਕਰਮ-ਕਾਂਡਾਂ ਵਿਚ ਫਸਿਆ ਹੋਇਆ ਮਨੁੱਖ ਨਿਰੰਕਾਰ ਨੂੰ ਨਹੀਂ ਪਛਾਣਦਾ ਅਤੇ ਵਿਅਰਥ ਵਿਚ ਠੱਗੀ ਦਾ ਵਪਾਰ ਕਰ ਰਿਹਾ ਹੈ। ਨਾ ਪੱਥਰ ਬੋਲਦਾ ਹੈ ਅਤੇ ਨਾ ਹੀ ਕੁਝ ਪ੍ਰਦਾਨ ਕਰਦਾ ਹੈ। ਇਹ ਪੱਥਰ ਪੂਜਾ ਵਿਅਰਥ ਹੈ ਅਤੇ ਇਨ੍ਹਾਂ ਪੱਥਰਾਂ ਦੀ ਸੇਵਾ ਵੀ ਵਿਅਰਥ ਹੈ-

ਜੋ ਪਾਥਰ ਕਉ ਕਹਤੇ ਦੇਵ।

ਤਾ ਕੀ ਬਿਰਥਾ ਹੋਵੈ ਸੇਵ।

ਜੋ ਪਾਥਰ ਕੀ ਪਾਂਈ ਪਾਇ।

ਤਿਸ ਕੀ ਘਾਲ ਅਜਾਂਈ ਜਾਇ।1।

ਠਾਕੁਰੁ ਹਮਰਾ ਸਦਾ ਬੋਲੰਤਾ।

ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ।1।ਰਹਾਉ।

ਅੰਤਰਿ ਦੇਉ ਨਾ ਜਾਨੈ ਅੰਧੁ।

ਭ੍ਰਮ ਕਾ ਮੋਹਿਆ ਪਾਵੈ ਫੰਧੁ ।

ਨਾ ਪਾਥਰੁ ਬੋਲੈ ਨ ਕਿਛੁ ਦੇਇ।

ਫੋਕਟ ਕਰਮ ਨਿਹਫਲ ਹੈ ਸੇਵ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1160)

ਕਬੀਰ ਦਾ ਧਾਰਮਿਕ ਦ੍ਰਿਸ਼ਟੀਕੋਣ ਸਹਿਜ ਸਥਿਤੀ ਉਤੇ ਟਿਕਿਆ ਹੋਇਆ ਹੈ। ਉਸ ਦਾ ਸਹਿਜ ਧਰਮ ਪ੍ਰਚਲਿਤ ਧਰਮਾਂ ਦੀਆਂ ਰੂੜ੍ਹ ਪਰੰਪਰਾਵਾਂ ਦੀ ਪ੍ਰਤਿਕਿਰਿਆ ਵਜੋਂ ਪੈਦਾ ਹੋਇਆ ਸੀ। ਅਸਲ ਵਿਚ, ਉਦੋਂ ਸਹੀ ਧਰਮ ਦੀ ਥਾਂ ਤੇ ਅੰਧ-ਵਿਸ਼ਵਾਸ ਪਸਰ ਗਏ ਸਨ। ਕਬੀਰ ਜੀ ਅਨੁਸਾਰ ਉਦੋਂ ਸਾਰਿਆਂ ਧਰਮਾਂ ਵਾਲੇ ਵਾਸਤਵਿਕ ਮਾਰਗ ਨੂੰ ਭੁਲ ਗਏ ਸਨ- 'ਏਕ ਨ ਭੁਲਾ ਦੋਇ ਨਾ ਭੂਲਾ ਭੂਲਾ ਸਬ ਸੰਸਾਰ। ਇਨ੍ਹਾਂ ਧਾਰਮਿਕ ਭੁੱਲਾਂ ਦਾ ਸੁਧਾਰ ਕਰਨਾ ਹੀ ਕਬੀਰ ਦਾ ਨਿਸ਼ਾਨਾ ਸੀ। ਜਦੋਂ ਧਰਮਾਚਾਰ ਵਿਚੋਂ ਭੁੱਲਾਂ ਨਿਕਲ ਜਾਣ ਤਾਂ ਸਹਿਜ ਧਰਮ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਕਬੀਰ ਜੀ ਨੇ ਉਸ ਵਕਤ ਪ੍ਰਚਲਿਤ ਧਰਮਾਂ ਦੇ ਮੁਖੀਆਂ ਅਥਵਾ ਠੇਕੇਦਾਰਾਂ ਨੂੰ ਚੰਗੀ ਤਰ੍ਹਾਂ ਝੰਝੋੜਿਆ ਹੈ।

ਕਬੀਰ ਜੀ ਵੇਲੇ ਭਾਰਤੀ ਜਨਤਾ ਮੁੱਖ ਰੂਪ ਵਿਚ ਦੋ ਧਰਮਾਂ ਵਿਚ ਵੰਡੀ ਹੋਈ ਸੀ- ਹਿੰਦੂ ਅਤੇ ਮੁਸਲਮਾਨ। ਇਨ੍ਹਾਂ ਧਰਮਾਂ ਤੋਂ ਹੀ ਪ੍ਰਭਾਵਿਤ ਸੀ ਸਾਰੀ ਜਨਤਾ । ਇਸ ਤਰ੍ਹਾਂ ਉਸ ਸਮੇਂ ਹਿੰਦੂ ਅਤੇ ਮੁਸਲਮਾਨ ਦੋ ਹੀ ਸਮਾਜਿਕ ਵਰਗ ਸਨ। ਉਸ ਸਮੇਂ ਜੋ ਸਮਾਜ ਦੀ ਸਥਿਤੀ ਸੀ, ਉਸ ਵਿਚ ਜਿੰਨੇ ਭ੍ਰਿਸ਼ਟਾਚਾਰ ਫੈਲ ਚੁੱਕੇ ਸਨ, ਉਨ੍ਹਾਂ ਸਭ ਦਾ ਮੂਲ ਕਾਰਨ ਧਾਰਮਿਕ ਤੰਗਨਜ਼ਰੀ ਸੀ। ਹਿੰਦੂ ਅਤੇ ਇਸਲਾਮ ਆਪਣੇ ਵਾਸਤਵਿਕ ਸਰੂਪ ਨੂੰ ਭੁੱਲ ਕੇ ਕਰਮ-ਕਾਂਡਾਂ, ਬਾਹਰਲੇ ਅਨੁਸ਼ਠਾਨਾਂ ਵਿਚ ਮਗਨ ਹੋ ਚੁੱਕੇ ਸਨ। ਇਨ੍ਹਾਂ ਦਾ ਪ੍ਰਭਾਵ ਸਮਾਜ ਦੇ ਸੰਗਠਨ ਅਤੇ ਵਿਵਸਥਾ ਉਤੇ ਪੈਣਾ ਸੁਭਾਵਕ ਸੀ। ਮੁਸਲਮਾਨਾਂ ਦੇ ਅਤਿਆਚਾਰਾਂ ਨੇ ਹਿੰਦੂਆਂ ਨੂੰ ਬਹੁਤ ਸੰਕੀਰਣ ਬਣਾ ਦਿੱਤਾ ਸੀ। ਆਪਣੇ ਧਰਮ ਦੀ ਰੱਖਿਆ ਲਈ ਉਨ੍ਹਾਂ ਨੇ ਬਾਹਰਲੇ ਆਡੰਬਰਾਂ ਦੇ ਵਖਾਵੇ ਨੂੰ ਅਪਣਾ ਲਿਆ ਸੀ ਅਤੇ ਇਸੇ ਤਰ੍ਹਾਂ ਸਮਾਜਿਕ ਰੱਖਿਆ ਲਈ ਵੀ ਵਰਣਾਸ਼੍ਰਮ ਵਿਵਸਥਾ ਦਾ ਕਵਚ ਪਾ ਲਿਆ ਸੀ।

ਬ੍ਰਾਹਮਣ ਅਤੇ ਸ਼ੂਦਰ ਦੀ ਵਿਥ ਨੂੰ ਅਕਾਰਣ ਦਰਸਾਣ ਲਈ ਆਪ ਨੇ ਕਿਹਾ ਹੈ ਕਿ ਕੁਲ ਦਾ ਗਿਆਨ ਮਾਤਾ ਦੇ ਪੇਟ ਵਿਚ ਤਾਂ ਕਿਸੇ ਨੂੰ ਵੀ ਨਹੀਂ ਹੁੰਦਾ, ਸਭ ਪਰਮਾਤਮਾ ਦਾ ਹੀ ਅੰਸ਼ ਹੁੰਦੇ ਹਨ, ਫਿਰ ਕੋਈ ਬ੍ਰਾਹਮਣ ਕਿਵੇਂ ਹੋ ਗਿਆ ਅਤੇ ਕੋਈ ਸ਼ੂਦਰ ਕਿਵੇਂ ਹੋ ਗਿਆ। ਜੇ ਬ੍ਰਾਹਮਣ ਕੋਈ ਵਖਰੀ ਚੀਜ਼ ਹੈ, ਤਾਂ ਉਸ ਦੀ ਉਤਪਤੀ ਬਾਕੀ ਮਨੁੱਖਾਂ ਦੀ ਉਤਪਤੀ ਤੋਂ ਵਖਰੀ ਕਿਸਮ ਦੀ ਕਿਉਂ ਨਹੀਂ। ਕੀ ਸ਼ੂਦਰਾਂ ਦੀਆਂ ਨਾੜੀਆਂ ਵਿਚ ਲਹੂ ਹੈ ਅਤੇ ਬ੍ਰਾਹਮਣਾਂ ਦੀਆਂ ਨਾੜੀਆਂ ਵਿਚ ਦੁੱਧ ਹੈ। ਅਸਲੀ ਬ੍ਰਾਹਮਣ ਤਾਂ ਉਹ ਹੈ ਜੋ ਬ੍ਰਹਮ ਬਾਰੇ ਚਿੰਤਨ ਕਰਦਾ ਹੈ-

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।

ਬ੍ਰਹਮ ਬਿੰਦੁ ਤੇ ਸਭ ਉਤਪਾਤੀ ।1।

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।

ਬਾਮਨ ਕਹਿ ਕਹਿ ਜਨਮੁ ਮਤ ਖੋਏ ।1।ਰਹਾਉ।

ਜੋ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ।

ਤਉ ਆਨ ਬਾਟ ਕਾਹੇ ਨਹੀਂ ਆਇਆ ।2।

ਤੁਮ ਕਤ ਬ੍ਰਾਹਮਣੁ ਹਮ ਕਤ ਸੂਦ।

ਹਮ ਕਤ ਲੋਹੂ ਤੁਮ ਕਤ ਦੂਧ ।3।

ਕਹੁ ਕਬੀਰ ਜੋ ਬ੍ਰਹਮ ਬੀਚਾਰੈ।

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੇ।4। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 324)

ਕਬੀਰ ਜੀ ਕਹਿੰਦੇ ਹਨ ਕਿ ਜੇਕਰ ਮੈਂ ਜਾਤ ਦਾ ਜੁਲਾਹਿਆ ਹਾਂ, ਤਾਂ ਵੀ ਮੇਰੇ ਹਿਰਦੇ ਵਿਚ ਤਾਂ ਗੋਪਾਲ ਨਿਵਾਸ ਕਰ ਰਿਹਾ ਹੈ ਜਿਸ ਕਰਕੇ ਹਰ ਪ੍ਰਕਾਰ ਦੇ ਜੰਜਾਲ ਨਸ਼ਟ ਹੋ ਗਏ ਹਨ-

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ।

ਕਬੀਰ ਰਮਈਆ ਕੰਠ ਮਿਲੁ ਚੂਕਹਿ ਸਰਬ ਜੰਜਾਲ ।11। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1368)

ਇਕ ਹੋਰ ਥਾਂ ਤੇ ਬ੍ਰਾਹਮਣ ਦੀ ਪ੍ਰਭੁਤਾ ਨੂੰ ਚੁਣੌਤੀ ਦਿੰਦੇ ਹੋਏ ਭਗਤ ਕਬੀਰ ਕਹਿੰਦੇ ਹਨ ਕਿ ਉਹ ਜਗਤ ਦਾ ਗੁਰੂ ਭਾਵੇਂ ਹੋਵੇ, ਪਰੰਤੂ ਭਗਤਾਂ ਦਾ ਗੁਰੂ ਨਹੀਂ ਹੋ ਸਕਦਾ। ਉਹ ਤਾਂ ਚਾਰ ਵੇਦਾਂ ਦੀ ਚਰਚਾ ਵਿਚ ਹੀ ਉਲਝਿਆ ਹੋਇਆ ਮਰ ਰਿਹਾ ਹੈ-

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਦਾ ਗੁਰੁ ਨਾਹਿ।

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹ ਮਾਹਿ। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1377)

ਕਬੀਰ ਜੀ ਨੇ ਹਿੰਦੂ ਧਰਮ ਨਾਲ ਸੰਬੰਧਿਤ ਸਾਧੂਆਂ, ਸੰਨਿਆਸੀਆਂ ਦੇ ਬੁਰੇ ਆਚਾਰਾਂ ਦਾ ਹੀ ਵਿਰੋਧ ਨਹੀਂ ਕੀਤਾ ਸਗੋਂ ਮੁਸਲਮਾਨਾਂ ਦੇ ਵੀ ਮਿਥਿਆ ਆਚਾਰਾਂ ਨੂੰ ਖੰਡਿਤ ਕੀਤਾ ਹੈ। ਉਨ੍ਹਾਂ ਨੇ ਕਲਮਾ ਪੜ੍ਹਨ ਅਤੇ ਨਮਾਜ਼ਾਂ ਗੁਜ਼ਾਰਨ ਦੇ ਨਾਲ ਬਹਿਸ਼ਤ ਪ੍ਰਾਪਤੀ ਦੇ ਭਰਮ ਦੇ ਕੁਹਜ ਨੂੰ ਉਤਾਰਦਿਆਂ ਅਜਿਹੇ ਸਵਰਗ ਨਾਲੋਂ ਦੋਜ਼ਖ (ਨਰਕ) ਨੂੰ ਤਰਜੀਹ ਦਿੱਤੀ ਹੈ-

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।

ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ।2।

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ।

ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।3।

ਖਸਮੁ ਪਛਾਨਿ ਤਰਸ ਮਰਿ ਜੀਅ ਮਹਿ ਮਾਰਿਮਣੀ ਕਰਿ ਫੀਕੀ।

ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ।4।

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮ ਪਛਾਨਾ।

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ।5। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 480)

ਉਪਰੋਕਤ ਵਿਚਾਰ ਚਰਚਾ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਭਗਤ ਕਬੀਰ ਤਤਕਾਲੀਨ ਸਮਾਜ ਦੀ ਅਧਿਆਤਮਕ, ਧਾਰਮਿਕ ਅਤੇ ਸਮਾਜਿਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ। ਇਨ੍ਹਾਂ ਸੰਸਥਾਵਾਂ ਦੇ ਸੰਕੀਰਣ ਮਕੜਜਾਲ ਵਿਚ ਸਮੁੱਚਾ ਸਮਾਜ ਉਲਝਿਆ ਹੋਇਆ ਸੀ। ਇਸ ਲਈ ਕਬੀਰ ਜੀ ਨੇ ਲੋਕਾਂ ਅੰਦਰ ਨਵੀਂ ਅਧਿਆਤਮਕ, ਧਾਰਮਿਕ ਅਤੇ ਸਮਾਜਿਕ ਚੇਤਨਾ ਪੈਦਾ ਕੀਤੀ। ਪਾਖੰਡ ਨਾਲ ਵਰੋਸਾਏ ਬਾਹਰਲੇ ਧਾਰਮਿਕ ਆਡੰਬਰਾਂ ਅਤੇ ਅਨੁਸ਼ਠਾਨਾਂ ਨੂੰ ਛੱਡਣ ਲਈ ਲੋਕਾਂ ਨੂੰ ਪ੍ਰੇਰਨਾ ਦਿੱਤੀ ਅਤੇ ਜਾਤਿ ਪਾਤਿ ਅਤੇ ਆਸ਼੍ਰਮ ਵਿਧਾਨ ਦਾ ਵਿਰੋਧ ਕਰਕੇ ਗ੍ਰਹਿਸਥ ਜੀਵਨ ਨੂੰ ਸ਼੍ਰੇਸ਼ਠ ਅਤੇ ਉੱਤਮ ਦੱਸਿਆ। ਇਸ ਤਰ੍ਹਾਂ ਕਬੀਰ ਜੀ ਨੇ ਅਧਿਆਤਮਕ ਅਤੇ ਧਾਰਮਿਕ ਉਥਾਨ ਰਾਹੀਂ ਸਮਾਜਿਕ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚਲਿਤ ਕਰਨ ਲਈ ਲੋਕਾਂ ਦੇ ਮਨ ਵਿਚ ਨਵੀਨ ਉਤਸ਼ਾਹ ਭਰਿਆ। ਭਾਰਤੀ ਸਭਿਆਚਾਰ ਦੇ ਗਲ ਸੜ ਚੁੱਕੇ ਅੰਸ਼ਾਂ ਨੂੰ ਖ਼ਤਮ ਕਰਕੇ ਨਵੇਂ ਨਰੋਏ ਕਲਿਆਣਕਾਰੀ ਸਮਾਜਕ ਮੁੱਲਾਂ ਦੀ ਸਥਾਪਨ ਕੀਤੀ। ਭਗਤ ਕਬੀਰ ਦੀ ਇਹ ਕ੍ਰਾਂਤੀਕਾਰੀ ਸੋਚ ਹੀ ਉਨ੍ਹਾਂ ਨੂੰ ਲੋਕ ਕਲਿਆਣਕਾਰੀ, ਲੋਕਨਾਇਕ, ਲੋਕ ਹਿਤੈਸ਼ੀ ਯੁਗਪੁਰਸ਼ਾਂ ਦੀ ਕਤਾਰ ਵਿਚ ਮੂਹਰਲੇ ਸਥਾਨ ਉਪਰ ਖੜਾ ਕਰਦੀ ਹੈ।

## 2.0 ਸੰਦਰਭ ਗ੍ਰੰਥ ਸੂਚੀ


1. ਸੁਕਦੇਵ ਸਿੰਘ (ਡਾ.), ਕਬੀਰ ਬੀਜਕ ਦਾ ਭਾਸ਼ਾ ਸ਼ਾਸਤਰੀ ਅਧਿਐਨ, ਅਨੁਰਾਗ ਪ੍ਰਕਾਸ਼ਨ, ਵਾਰਾਣਸੀ, 1998
2. ਸ਼ਬਦਾਰਥ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1964
3. ਸਾਹਿਬ ਸਿੰਘ, ਭਗਤ ਬਾਣੀ ਸਟੀਕ, ਚੌਥਾ ਹਿੱਸਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1980
4. ਜੋਧ ਸਿੰਘ (ਡਾ.), ਬਾਣੀ ਭਗਤ ਕਬੀਰ ਜੀ ਸਟੀਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981
5. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ, ਫਕੀਰ ਚੰਦ ਐਂਡ ਸਨਜ਼, ਅੰਮ੍ਰਿਤਸਰ, 1963
6. ਕੇ. ਸ੍ਰੀਲਤਾ ਡਾ., ਕਬੀਰ-ਕਾਵਿ ਔਰ ਯੁਗ ਏਕ ਪੁਨਰਮੂਲਾਂਕਣ, ਜਵਾਹਰ ਪੁਸਤਕਾਲਯ, ਮਥੁਰਾ, 1997
7. ਮਨਮੋਹਨ ਸਹਿਗਲ (ਡਾ.), ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵਦਸ਼ਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971
8. ਗੁਰਨਾਮ ਕੌਰ ਬੇਦੀ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1987
9. ਭੱਟ ਸੂਰਯਨਰਾਇਣ, ਕਬੀਰ-ਮਾਨਵਤਾ, ਸਰਸਵਤੀ ਪ੍ਰਕਾਸ਼ਨ ਮੰਦਿਰ, ਅਲਾਹਾਬਾਦ, 1984
10. ਵਰਮਾ, ਰਾਮ ਕੁਮਾਰ, ਸੰਤ ਕਬੀਰ, ਸਾਹਿਤ ਭਵਨ, ਅਲਾਹਾਬਾਦ, 1966
11. ਰਾਜਦੇਵ ਸਿੰਘ, ਆਧੁਨਿਕ ਕਬੀਰ, ਲੋਕਭਾਰਤੀ ਪ੍ਰਕਾਸ਼ਨ, ਅਲਾਹਬਾਦ।
12. ਸੇਵਾ ਸਿੰਘ (ਡਾ.), ਕਬੀਰ ਕਾ ਇਸਤਰੀ ਦ੍ਰਿਸ਼ਟੀਕੋਣ, ਨਿਰਮਲ ਪਬਲੀਕੇਸ਼ਨਜ਼, ਦਿੱਲੀ, 1997
13. ਬੇਦੀ, ਹਰਮਹੇਂਦਰ ਸਿੰਘ, ਕਾਲਜਯੀ ਕਬੀਰ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1997
14. ਚਤੁਰਵੇਦੀ, ਪਰਸੂਰਾਮ, ਕਬੀਰ-ਸਾਹਿਤ ਦੀ ਪਰਖ, ਭਾਰਤੀ ਭੰਡਾਰ, ਅਲਾਹਾਬਾਦ, ਸੰਵਤ 2021
15. ਦਿਵੇਦੀ, ਹਜ਼ਾਰੀ ਪ੍ਰਸ਼ਾਦ, ਕਬੀਰ ਸਾਹਿਤ ਦੀ ਪਰਖ, ਭਾਰਤੀ ਭੰਡਾਰ, ਅਲਾਹਾਬਾਦ, ਸੰਵਤ 2021
16. ਤ੍ਰਿਪਾਠੀ, ਆਰਿਆ ਪ੍ਰਸਾਦ (ਡਾ.), ਕਬੀਰ ਸਾਹਿਤ ਦਾ ਸਾਂਸਕ੍ਰਿਤਕ ਅਧਿਐਨ, ਸਰੋਜ ਪ੍ਰਕਾਸ਼ਨ, ਅਲਾਹਾਬਾਦ, 1974
17. ਜੈਦੇਵ ਸਿੰਘ (ਡਾ.), ਕਬੀਰ ਬਾਣੀ, ਪੀਯੂਸ਼ ਵਿਸ਼ਵ ਵਿਦਿਆਲਾ ਪ੍ਰਕਾਸ਼ਨ, ਵਾਰਾਣਸੀ, 1979
18. ਤ੍ਰਿਗੁਣਾਤਮਿਤ ਗੋਬਿੰਦ, ਕਬੀਰ ਕੀ ਵਿਚਾਰਧਾਰਾ, ਸਾਹਿਤ ਨਿਕੇਤਨ, ਕਾਨਪੁਰ, ਸੰਵਤ 2024